BRAMPTON

Media Release

ਤੁਰੰਤ ਰਿਲੀਜ ਲਈ

# ਸੀਡੀ ਸੈਟਰਡੇ ਦੇ ਨਾਲ ਬਾਗਬਾਨੀ ਸੀਜਨ ਦੀ ਸ਼ੁਰੂਆਤ ਕਰੋ

ਬ੍ਰੈਂਪਟਨ, ਓਨਟੈਰੀਓ (24 ਫਰਵਰੀ, 2023) – ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਦੇ ਨਾਲ ਭਾਈਵਾਲੀ ਵਿੱਚ, ਇਸ ਮਾਰਚ ਵਿਅਕਤੀਗਤ ਸੀਡੀ ਸੈਟਰਡੇ (Seedy Saturday) ਵਿੱਚ ਇੱਕ ਵਾਰ ਫਿਰ ਕਮਿਊਨਿਟੀ ਦਾ ਸੁਆਗਤ ਕਰਦੀ ਹੈ।

ਹਰ ਸਾਲ, ਸੀਡੀ ਸੈਟਰਡੇ ਬਸੰਤ ਦੇ ਬਾਗਬਾਨੀ ਸੀਜਨ ਦੀ ਸ਼ੁਰੂਆਤ ਕਰਦਾ ਹੈ। ਇਹ ਮੁਫਤ, ਪਰਿਵਾਰ ਅਨੁਕੂਲਿਤ ਕਾਰਜਕਰਮ ਅਜਿਹੀ ਥਾਂ ਪੇਸ਼ ਕਰਦਾ ਹੈ, ਜਿੱਥੇ ਵਸਨੀਕ, ਬਾਗਬਾਨੀ ਅਤੇ ਖੇਤੀਬਾੜੀ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਬੀਜਾਂ ਦੀ ਅਦਲਾ-ਬਦਲੀ ਕਰ ਸਕਦੇ ਹਨ ਅਤੇ ਮਾਹਰਾਂ ਨੂੰ ਸੁਣ ਸਕਦੇ ਹਨ। ਬਾਗਬਾਨੀ ਦੇ ਸਾਰੇ ਨਵੇਂ ਸ਼ੌਕੀਨਾਂ ਅਤੇ ਅਨੁਭਵੀ ਵਿਅਕਤੀਆਂ ਦਾ ਸੁਆਗਤ ਹੈ। ਬੱਚਿਆਂ ਦੀ ਪ੍ਰੋਗਰਾਮਿੰਗ ਵੀ ਉਪਲਬਧ ਹੈ।

ਇਸ ਸਾਲ  ਦੇ ਸਪੀਕਰਾਂ ਵਿੱਚ ਸ਼ਾਮਲ ਹਨ:

- ਟੌਕ ਡਰਟੀ: ਸੋਇਲ ਐਂਡ ਦ ਥਿੰਗਸ ਲਿਵਸ ਇਨ ਇਟ (Talk Dirty: Soil and the Things Living In It) ਬਾਰੇ ਸ਼ੌਨ ਜੇਮਸ (Sean James)
- ਗਾਰਡਨਸ ਫਾਰ ਪੋਲੀਨੇਟਿੰਗ ਇਨਸੈਕਟਸ: ਫ੍ਰੈਂਡ ਨੌਟ ਫੋਜ (Gardens for Pollinating Insects: Friend not Foes) ਬਾਰੇ ਲੋਰੇਨ ਜੌਨਸਨ (Lorraine Johnson)
- ਗ੍ਰੋਇੰਗ ਪਲਾਂਟਸ ਫ੍ਰੌਮ ਸੀਡਸ (Growing Plants from Seeds) ਬਾਰੇ ਕੇਨ ਬ੍ਰਾਊਨ (Ken Brown)
- ਗ੍ਰੇਟ ਟਿਪਸ ਔਨ ਗ੍ਰੋਇੰਗ ਗ੍ਰੇਟ ਵੈਜੀਟੇਬਲਸ (Great Tips on Growing Great Vegetables) ਬਾਰੇ ਜੇਮਸ ਗ੍ਰਾਹਮ (James Graham)

ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (Century Gardens Recreation Centre) ਵਿਖੇ, ਇਹਨਾਂ ਸਪੀਕਰਾਂ ਅਤੇ ਕਈ ਹੋਰ ਵਿਕਰੇਤਾਵਾਂ ਨਾਲ ਜੁੜੋ।

**ਇਹ ਤਾਰੀਖ ਯਾਦ ਰੱਖੋ**

ਸੀਡੀ ਸੈਟਰਡੇ

11 ਮਾਰਚ, ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ

Century Gardens Recreation Centre
340 Vodden St E
Brampton, ON
L6V 2N2

ਹੋਰ ਵੇਰਵਿਆਂ ਲਈ, www.brampton.ca/seedysaturday ਤੇ ਜਾਓ।

**ਹਵਾਲੇ**

"ਇਹ ਕਾਰਜਕਰਮ ਬਾਗਬਾਨੀ ਤੋਂ ਕਿਤੇ ਵਧ ਕੇ ਹੈ। ਇਹ ਵੱਧ ਹਰਿਆਲੀ ਅਤੇ ਸਥਿਰਤਾ ਤੇ ਕੇਂਦਰਿਤ ਵੱਧ ਜੁੜੀ ਹੋਈ ਕਮਿਉਨਿਟੀ ਬਾਰੇ ਹੈ। ਬਾਗਬਾਨੀ, ਕਈ ਲੋਕਾਂ ਲਈ ਇੱਕ ਸਾਧਨ ਹੈ ਅਤੇ ਸਾਨੂੰ ਆਸ ਹੈ ਕਿ ਸੀਡੀ ਸੈਟਰਡੇ ਵਿੱਚ ਤੁਹਾਡੇ ਨਾਲ ਮੁਲਾਕਾਤ ਹੋਵੇਗੀ, ਭਾਵੇਂ ਤੁਸੀਂ ਹਾਲੀਂ ਸ਼ੁਰੂਆਤ ਕਰ ਰਹੇ ਹੋ ਜਾਂ ਫੇਰ ਬੀਜ ਉਗਾਉਣ ਦੇ ਦੂਜੇ ਸੀਜਨ ਲਈ ਤਿਆਰ ਹੋ ਰਹੇ ਹੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਬੇਹੱਦ ਖੁਸ਼ ਹਾਂ ਕਿ ਇਸ ਸਾਲ ਫੇਰ ਇਹ ਕਾਰਜਕਰਮ ਵਿਅਕਤੀਗਤ ਹੋ ਰਿਹਾ ਹੈ, ਜਿਸ ਵਿੱਚ ਅਸੀਂ ਵੱਧ ਹਰਿਆਲੀ ਵਾਲੇ ਜੀਵਨ, ਬਾਗਬਾਨੀ ਦੇ ਸਿਹਤ ਸਬੰਧੀ ਫਾਇਦਿਆਂ ਅਤੇ ਫੂਡ ਸਿਕਿਓਰਿਟੀ ਬਾਰੇ ਸਿੱਖਦੇ ਹਾਂ। ਹਰ ਕਿਸੇ ਲਈ ਕੁਝ ਨਾ ਕੁਝ ਪੇਸ਼ ਕਰਨ ਵਾਲਾ, ਸੀਡੀ ਸੈਟਰਡੇ, ਸਫਲਤਾ ਦੇ ਇੱਕ ਦਹਾਕੇ ਵਾਲਾ ਪ੍ਰਸਿੱਧ ਕਾਰਜਕਰਮ ਹੈ।"

- *ਰੋਏਨਾ ਸੈਨਟੋਸ (Rowena Santos), ਚੇਅਰ, ਕਮਿਉਨਿਟੀ ਸਰਵਿਸਿਜ਼; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਹਰਿਆ-ਭਰਿਆ ਸ਼ਹਿਰ ਹੈ ਅਤੇ ਅਸੀਂ ਰੋਜ਼ਾਨਾ ਉਹਨਾਂ ਮੁੱਖ ਪਹਿਲਕਦਮੀਆਂ ਤੇ ਧਿਆਨ ਕੇਂਦਰਿਤ ਕਰ ਰਹੇ ਹਾਂ, ਜੋ ਸਾਡੇ ਟੀਚੇ ਵਿੱਚ ਸਹਾਇਤਾ ਕਰਦੀਆਂ ਹਨ। ਸੀਡੀ ਸੈਟਰਡੇ, ਸਾਡੇ ਸਾਰਿਆਂ ਲਈ ਛੋਟੀਆਂ-ਛੋਟੀਆਂ ਆਦਤਾਂ ਅਤੇ ਪ੍ਰੋਜੈਕਟ ਤਿਆਰ ਕਰਨ ਦੇ ਤਰੀਕੇ ਲੱਭਣ ਵਾਸਤੇ, ਸਿੱਖਣ ਦਾ ਮੌਕਾ ਪ੍ਰਦਾਨ ਕਰਦਾ ਹੈ, ਜੋ ਵੱਡੇ ਬਦਲਾਅ ਲਿਆਉਣਗੇ, ਜਦੋਂ ਸਾਡੀ ਕਮਿਉਨਿਟੀ ਦੀ ਸਥਿਰਤਾ, ਸਿਹਤ ਅਤੇ ਤੰਦਰੁਸਤੀ ਦੀ ਗੱਲ ਹੋਵੇ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca